**No. 34/55-IH(7)-2013/** 21868
**Chandigarh Administration**
**Department of Personnel**

Chandigarh dated, the 2/12/13

To

DP/GMCH-32

All the Administrative Secretaries/
Heads of Departments/Offices/Boards/Corporation,
Chandigarh Administration.

**Subject: - Extension in Service to the employees of Chandigarh Administration and Boards/Corporations-clarification thereof.**

28971

******

Sir/Madam,

In continuation of this Administration's letter No. 34/55-IH(7)-2013/13967 dated 31.07.2013, I am directed to address you on the subject noted above and to enclose herewith a copy of Punjab Government's letter No. 22/2/2012-3F.P.2/43 dated 22.01.2013, which is self-explanatory for information and necessary action.

Yours faithfully,

Superintendent Personnel,
Chandigarh Administration.

Endst. No. 34/55-IH(7)-2013/ 21869 Dated: 2/12/13

A copy is forwarded to all the Administrative Branches, Chandigarh Administration Secretariat for similar action.

Superintendent Personnel,
Chandigarh Administration.

GOVERNMENT MEDICAL COLLEGE & HOSPITAL, CHANDIGARH
(Hospital Building), Sector 32-B, Chandigarh-160030 (Ph: 0172-2665253-59, Fax: 0172-2609360)
(ESTABLISHMENT BRANCH-IV)

45400-34

Endst. No. GMCH-E-IV-EA-1(24/3)-2013/ Dated, Chandigarh the, 10 DEC 2013

A copy is forwarded to the Computer Programmer with a request to "circulate" the same among the followings for information & necessary action please :

All HODs, GMCH, Chandigarh.
The Deputy Controller (F&A), GMCH-32, Chandigarh.
The Office Superintendents (Est.I,II,III, HA-I & II), GMCH-32, Chandigarh.
PA to DP/ADA/MS for information of DP/ADA/MS please.

10/12/13

Superintendent (Est.-IV)

P.S.T.E
28/1

ਨੰ: 22/ 2/2012-3 ਐਫ.ਪੀ.2/43
ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-2 ਸਾਖਾ)

S.S. T.E

ਮਿਤੀ, ਚੰਡੀਗੜ੍ਹ: 22 ਜਨਵਰੀ, 2013

ਸੇਵਾ ਵਿਖੇ,

S.1 / S.2
28/1

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸਨਰ,
ਸਮੂਹ ਜਿਲ੍ਹਾ ਤੇ ਸੈਸਨਜ਼ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿੱਚ।

ਵਿਸਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਇੱਕ ਸਾਲ ਦਾ ਵਾਧਾ ਕਰਨ ਬਾਰੇ-ਸਪਸਟੀਕਰਨ।

ਸ੍ਰੀ ਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸੇ ਤੇ ਆਪ ਦਾ ਧਿਆਨ ਵਿੱਤ ਵਿਭਾਗ ਵਲੋਂ ਨੰ:22/2/2012-3ਐਫ.ਪੀ.2/469, ਮਿਤੀ 8 ਅਕਤੂਬਰ,2012 ਰਾਹੀਂ ਜਾਰੀ ਅਧਿਸੂਚਨਾ ਨਾਲ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ ਜਿਲਦ-1, ਭਾਗ-1 ਦੇ ਨਿਯਮ 3.26 ਨੂੰ ਸਬਸਟੀਚਿਊਟ(substitute) ਕਰਕੇ ਨਵੇਂ ਕਲਾਜ ਦਾ ਉਪਬੰਧ ਕਰਨ ਦੇ ਸਨਮੁੱਖ ਪੱਤਰ ਨੰ: 22/2/2012-3ਵਿਪ੍2/475, ਮਿਤੀ 8 ਅਕਤੂਬਰ,2012 ਰਾਹੀਂ ਜਾਰੀ ਹਦਾਇਤਾਂ ਰਾਹੀਂ ਪੰਜਾਬ ਸਰਕਾਰ ਦੇ ਮੁਲਾਜਮਾਂ ਦੇ ਸੇਵਾਕਾਲ ਵਿਚ ਇੱਕ ਸਾਲ ਵਧਾਉਣ ਦੇ ਉਪਬੰਧ ਵੱਲ ਦਿਵਾਉਂਦੇ ਹੋਏ ਦੱਸਣ ਦੀ ਹਦਾਇਤ ਹੋਈ ਹੈ ਕਿ ਵੱਖ-ਵੱਖ ਵਿਭਾਗਾਂ ਵੱਲੋਂ ਵਿਸੇ ਅਧੀਨ ਦਰਸਾਏ ਮਸਲੇ ਕਰਕੇ ਉਤਪੰਨ ਹੋਏ ਕਈ ਨੁਕਤਿਆਂ ਸਬੰਧੀ ਸਪਸਟੀਕਰਨ ਮਗੇ ਜਾ ਰਹੇ ਹਨ। ਇਹਨ੍ਹਾਂ ਨੂੰ ਵਿਚਾਰਨ ਉਪਰੰਤ ਮੈਨੂੰ ਹੇਠ ਅਨੁਸਾਰ ਸੂਚਿਤ ਕਰਨ/ਸਪਸਟੀਕਰਨ ਦੇਣ/ਜਿੱਥੇ ਕਿਧਰੇ ਨਿਯਮਾਂ/ਹਦਾਇਤਾਂ ਵਿੱਚ ਢਿੱਲ ਦੇਣ ਦੀ ਲੋੜ ਹੈ ਉੱਥੇ ਢਿੱਲ ਦੇਣ ਲਈ ਹਦਾਇਤਾਂ ਜਾਰੀ ਕਰਨ ਦੀ ਹਦਾਇਤ ਹੋਈ ਹੈ:-

| ਲੜੀ ਨੰ: | ਵੱਖ-ਵੱਖ ਵਿਭਾਗਾਂ ਵੱਲੋਂ ਮੰਗੇ ਗਏ ਸਪਸਟੀਕਰਣ | ਸਪਸਟੀਕਰਣ ਦਾ ਉੱਤਰ |
|---|---|---|
| 1. | ਜਿਹੜੇ ਕਰਮਚਾਰੀਆਂ/ਅਧਿਕਾਰੀਆਂ ਦੀ ਸੇਵਾ ਨਵਿਰਤੀ ਦੀ ਮਿਤੀ ਵਿੱਚ 6 ਮਹੀਨਿਆਂ ਦਾ ਸਮਾਂ ਰਹਿ ਗਿਆ ਸੀ, ਉਸਦੀ ਜੀ.ਪੀ.ਫੰਡ ਦੀ ਕਟੌਤੀ ਬੰਦ ਹੋ ਚੁੱਕੀ ਸੀ ਅਤੇ ਉਹਨਾਂ ਨੇ ਇੱਕ ਸਾਲ ਦਾ ਸਰਕਾਰੀ ਸੇਵਾ ਦਾ ਵਾਧਾ ਲੈਣਾ ਹੈ, ਕੀ ਉਹਨਾਂ ਦਾ ਜੀ.ਪੀ.ਫੰਡ ਦੁਬਾਰਾ ਕੱਟਣਾ ਸੁਰੂ ਕਰਨਾ ਹੈ ਜਾਂ ਨਹੀਂ? ਜੇਕਰ ਕੀਤਾ ਜਾਣਾ ਹੈ ਤਾਂ ਕੀ ਬੰਦ ਕੀਤੀ ਗਈ ਕਟੌਤੀ ਦੇ ਏਰੀਅਰ ਦੀ ਰਿਕਵਰੀ ਵੀ ਕੀਤੀ ਜਾਣੀ ਹੈ? ਕੀ ਫਿਰ 6 ਮਹੀਨੇ ਤੋਂ ਘੱਟ ਸਮਾਂ ਰਹਿਣ ਤੇ | ਛੇ ਮਹੀਨੇ ਤੋਂ ਘੱਟ ਸਮਾਂ ਰਹਿਣ ਕਾਰਨ ਜਿੰਨਾਂ ਅਧਿਕਾਰੀਆਂ/ਕਰਮਚਾਰੀਆਂ ਦੇ ਜੀ.ਪੀ.ਫੰਡ ਦੀ ਕਟੌਤੀ ਬੰਦ ਹੋ ਚੁੱਕੀ ਸੀ ਅਤੇ ਉਹਨਾਂ ਨੇ ਇੱਕ ਸਾਲ ਦਾ ਸੇਵਾਕਾਲ ਦਾ ਵਾਧਾ ਲਿਆ ਹੈ, ਉਹਨਾਂ ਦੀ ਜੀ.ਪੀ.ਫੰਡ ਦੀ ਕਟੌਤੀ ਜਨਵਰੀ, 2013 ਦੇ ਮਹੀਨੇ ਦੀ ਤਨਖਾਹ ਤੋਂ ਦੋਬਾਰਾ ਸੁਰੂ ਕੀਤੀ ਜਾਣੀ ਹੈ। ਪਹਿਲਾਂ ਬੰਦ ਹੋ ਚੁੱਕੀ ਕਟੌਤੀ ਦੀ ਰਿਕਵਰੀ ਨਹੀਂ ਕੀਤੀ ਜਾਣੀ। 6 ਮਹੀਨੇ ਤੋਂ ਘੱਟ ਦਾ ਸਮਾਂ ਰਹਿਣ ਤੇ ਕਟੌਤੀ ਦੋਬਾਰਾ ਬੰਦ ਕੀਤੀ ਜਾਣੀ ਹੈ। |

| | | |
|---|---|---|
| | ਕਟੌਤੀ ਉਹਨਾਂ ਬੰਦ ਕਰਾਉਣੀ ਜ਼ਰੂਰੀ ਹੈ? | |
| | ਜਿਹੜੇ ਅਧਿਕਾਰੀ/ਕਰਮਚਾਰੀ ਇੱਕ ਸਾਲ ਦੇ ਸਮੇਂ ਲਈ ਸਰਕਾਰੀ ਸੇਵਾ ਵਿੱਚ ਵਾਧਾ ਲੈ ਰਹੇ ਹਨ। ਕੀ ਉਹ 90% ਦੀ ਰਾਸ਼ੀ ਜੀ.ਪੀ.ਫੰਡ ਵਿੱਚੋਂ ਕਢਵਾ ਸਕਦੇ ਹਨ ਜਾਂ ਨਹੀਂ? | ਜਿਹਨਾਂ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾਕਾਲ ਵਿੱਚ ਇੱਕ ਸਾਲ ਦਾ ਵਾਧਾ ਕੀਤਾ ਜਾਂਦਾ ਹੈ, ਉਹ ਦੌਬਾਰਾ ਵਧੇ ਹੋਏ ਇੱਕ ਸਾਲ ਦੇ ਸਮੇਂ ਅੰਦਰ, ਪੱਤਰ ਨੰ:2/3/90-6ਵਿਪਪ3/6656, ਮਿਤੀ 27 ਸਤੰਬਰ, 2004 ਨਾਲ ਜਾਰੀ ਹਦਾਇਤਾਂ ਅਨੁਸਾਰ, 90% ਰਾਸ਼ੀ ਜੀ.ਪੀ.ਫੰਡ ਵਿੱਚੋਂ ਕਢਵਾ ਸਕਦੇ ਹਨ। ਇਸ ਤੋਂ ਇਲਾਵਾ ਨਿਯਮਾਂ ਅਨੁਸਾਰ ਮਿਲਣ ਵਾਲੇ ਮੋੜਨਯੋਗ/ਨਾ-ਮੋੜਨਯੋਗ ਐਡਵਾਂਸ ਵੀ ਮਿਲਣਯੋਗ ਹੋਣਗੇ। |
| 3. | ਜਿਹੜੇ ਅਧਿਕਾਰੀ/ਕਰਮਚਾਰੀ 90% ਦੀ ਰਾਸ਼ੀ ਜੀ.ਪੀ.ਫੰਡ ਵਿੱਚੋਂ ਕਢਵਾ ਚੁੱਕੇ ਹਨ, ਕੀ ਉਹਨਾਂ ਵੱਲੋਂ ਇੱਕ ਸਾਲ ਦੇ ਵਾਧੇ ਲਈ ਆਪਸ਼ਨ ਦੇਣ ਉਪਰੰਤ ਉਹ ਰਕਮ ਵਾਪਸ ਜਮ੍ਹਾਂ ਕਰਵਾਈ ਜਾਣੀ ਜ਼ਰੂਰੀ ਹੈ ਜਾਂ ਨਹੀਂ? | ਜਿਹੜੇ ਅਧਿਕਾਰੀ/ਕਰਮਚਾਰੀ ਮਿਤੀ 27 ਸਤੰਬਰ, 2004 ਦੀਆਂ ਹਦਾਇਤਾਂ ਅਨੁਸਾਰ 90% ਦੀ ਰਾਸ਼ੀ ਜੀ.ਪੀ.ਫੰਡ ਵਿੱਚੋਂ ਕਢਵਾ ਚੁੱਕੇ ਹਨ, ਉਹਨਾਂ ਵੱਲੋਂ ਇੱਕ ਸਾਲ ਦੇ ਵਾਧੇ ਲਈ ਆਪਸ਼ਨ ਦੇਣ ਉਪਰੰਤ, ਕਢਵਾਈ ਗਈ ਉਹ ਰਕਮ ਵਾਪਸ ਜਮ੍ਹਾਂ ਨਹੀਂ ਕਰਵਾਈ ਜਾਣੀ। |
| 4. | ਕੀ ਸੇਵਾਕਾਲ ਵਿੱਚ ਵਾਧੇ ਦੇ ਸਮੇਂ ਉਪਰੰਤ ਜੀ.ਪੀ.ਫੰਡ ਵਿੱਚ ਜਮ੍ਹਾਂ ਰਕਮ ਤੇ ਵਿਆਜ ਦਿੱਤਾ ਜਾਣਾ ਹੈ? | ਸੇਵਾਕਾਲ ਦੇ ਵਾਧੇ ਦੇ ਸਮੇਂ ਉਪਰੰਤ ਜੀ.ਪੀ.ਫੰਡ ਵਿੱਚ ਜਮ੍ਹਾਂ ਰਕਮ ਤੇ ਨਿਯਮਾਂ ਅਨੁਸਾਰ ਬਣਦਾ ਵਿਆਜ ਦਿੱਤਾ ਜਾਣਾ ਹੈ। |
| 5. | ਕੀ ਗਰੁੱਪ ਬੀਮਾ ਸਕੀਮ ਦੀ ਕਟੌਤੀ ਵੀ ਇੱਕ ਸਾਲ ਦੇ ਵਾਧੇ ਉਪਰੰਤ ਜਾਰੀ ਰੱਖੀ ਜਾਣੀ ਹੈ ਜਾਂ ਨਹੀਂ? | ਅਧਿਕਾਰੀ/ਕਰਮਚਾਰੀ ਦੇ ਸੇਵਾਕਾਲ ਵਿੱਚ ਇੱਕ ਸਾਲ ਦੇ ਵਾਧੇ ਉਪਰੰਤ ਗਰੁੱਪ ਬੀਮਾ ਸਕੀਮ ਅਧੀਨ ਕਟੌਤੀ ਜਾਰੀ ਰੱਖੀ ਜਾਣੀ ਹੈ ਅਤੇ ਪਿਛਲੇ ਸਮੇਂ ਦੀ ਕੋਈ ਰਿਕਵਰੀ, ਅਗਰ ਰਹਿੰਦੀ ਹੋਵੇ, ਕੀਤੀ ਜਾਣੀ ਹੈ। ਇਸ ਤੋਂ ਇਲਾਵਾ ਵਧੇ ਹੋਏ ਸੇਵਾਕਾਲ ਦੌਰਾਨ ਮੌਤ ਹੋਣ ਕਾਰਨ ਮਿਲਣ ਵਾਲੇ ਲਾਭ ਵੀ ਮਿਲਣਗੇ ਅਤੇ ਰਿਟਾਇਰਮੈਂਟ ਹੋਣ ਵੇਲੇ ਬਚਤ ਫੰਡ ਰਿਟਾਇਰਮੈਂਟ ਵਾਲੇ ਸਾਲ ਦੇ ਟੇਬਲ ਅਨੁਸਾਰ ਅਦਾਇਗੀ ਯੋਗ ਹੋਣਗੇ। |
| 6. | ਸੇਵਾਕਾਲ ਵਿੱਚ ਵਾਧਾ ਲੈਣ ਉਪਰੰਤ ਸਲਾਨਾ ਤਰੱਕੀ ਜੋ ਅਗਲੀ ਮਿਤੀ ਤੋਂ ਲਾਗੂ ਹੋਵੇਗੀ, ਦਿੱਤੀ ਜਾਣੀ ਹੈ ਜਾਂ ਨਹੀਂ? | ਇਸ ਸਬੰਧੀ ਸਰਕਾਰ ਦੀਆਂ ਹਦਾਇਤਾਂ ਮਿਤੀ 8.10.2012 ਦਾ ਪੈਰ੍ਹਾ 1(ੲ) ਸਵੈ-ਸਪਸਟ ਹੈ। |
| 7. | ਜਿਹਨਾਂ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਕਿਸੇ ਤਰ੍ਹਾਂ ਦਾ ਵੀ ਕੋਈ ਕੋਰਟ ਕੇਸ, ਵਿਜੀਲੈਂਸ ਪੜਤਾਲ, ਪੜਤਾਲ ਜਾਂ ਕੋਈ ਨਿੱਜੀ ਕੋਰਟ ਕੇਸ ਆਦਿ ਚੱਲ ਰਿਹਾ ਹੋਵੇ, ਕੀ ਉਹਨਾਂ ਨੂੰ ਸੇਵਾਕਾਲ ਵਿੱਚ ਇੱਕ ਸਾਲ ਦਾ ਵਾਧਾ ਦਿੱਤਾ ਜਾਣਾ ਹੈ? | ਸੇਵਾਕਾਲ ਵਿੱਚ ਇੱਕ ਸਾਲ ਦੇ ਵਾਧੇ ਸਬੰਧੀ ਹਦਾਇਤਾਂ ਮਿਤੀ 8.10.2012 ਸਵੈ-ਸਪਸਟ ਹਨ, ਇਹਨਾਂ ਮੁਤਾਬਕ ਅਧਿਕਾਰੀ/ਕਰਮਚਾਰੀ ਵੱਲੋਂ ਆਪਸ਼ਨ ਦੇਣ ਦੀ ਸੂਰਤ ਵਿੱਚ ਸੇਵਾਕਾਲ ਵਿੱਚ ਇੱਕ ਸਾਲ ਦਾ ਵਾਧਾ ਦਿੱਤਾ ਜਾਣਾ ਹੈ। ਇਸ ਲਈ ਜਿਹਨਾਂ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਕਿਸੇ ਤਰ੍ਹਾਂ ਦਾ ਵੀ ਕੇਸ/ਪੜਤਾਲ ਚੱਲ ਰਿਹਾ/ਰਹੀ ਹੈ, ਉਹਨਾਂ ਨੂੰ ਸੇਵਾਕਾਲ ਵਿੱਚ ਇੱਕ ਸਾਲ ਦਾ ਵਾਧਾ ਦਿੱਤਾ ਜਾਣਾ ਹੈ। ਇਸ ਮਾਮਲੇ |

| | | |
|---|---|---|
| | | ਵਿੱਚ ਨਿਯੁਕਤੀ ਕਰਤਾ ਅਧਿਕਾਰੀ ਕੋਲ ਕੋਈ ਆਪਸ਼ਨ ਨਹੀਂ ਹੈ। ਕਰਮਚਾਰੀ/ਅਧਿਕਾਰੀ ਵਿਰੁੱਧ ਚੱਲ ਰਹੇ ਕੇਸ/ਪੜਤਾਲ ਦਾ ਨਿਯਮਾਂ ਅਨੁਸਾਰ ਨਿਪਟਾਰਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਕੁੱਝ ਕੈਟਾਗਰੀਆਂ ਲਈ ਵਾਧਾ ਨਾ ਕੀਤੇ ਜਾਣ ਸਬੰਧੀ ਪੱਤਰ ਨੰ:22/2/2012-3ਐਫ.ਪੀ.2/607, ਮਿਤੀ 26.11.2012 ਰਾਹੀਂ ਜਾਰੀ ਵੱਖਰੀਆਂ ਹਦਾਇਤਾਂ ਵੀ ਲਾਗੂ ਰਹਿਣਗੀਆਂ। |
| 8. | ਕੀ ਵਧੇ ਹੋਏ ਸੇਵਾਕਾਲ ਵਿੱਚ ਪਦ-ਉੱਨਤੀ ਉਪਰੰਤ ਅਧਿਕਾਰੀ ਦੀ ਨਿਸਚਿਤ ਕੀਤੀ ਗਈ ਤਨਖਾਹ ਨੂੰ ਪੈਨਸਨਰੀ ਲਾਭਾਂ ਲਈ ਲਾਸਟ ਪੇ ਡਰਾਨ ਮੰਨਿਆ ਜਾਣਾ ਹੈ? ਜੇਕਰ ਹਾਂ ਤਾਂ ਇਸ ਕੇਸ ਵਿੱਚ ਵਧੇ ਹੋਏ ਸਾਲ ਨੂੰ ਪੈਨਸਨ ਲਈ ਕੁਆਲੀਫਾਈਡ ਸਰਵਿਸ ਮੰਨਿਆ ਜਾਣਾ ਹੈ ਜਾਂ ਨਹੀਂ। | ਵਧੇ ਹੋਏ ਸੇਵਾਕਾਲ ਦੌਰਾਨ ਪਦ-ਉੱਨਤੀ ਉਪਰੰਤ ਅਧਿਕਾਰੀ ਦੀ ਨਿਸਚਿਤ ਕੀਤੀ ਤਨਖਾਹ ਨੂੰ ਪੈਨਸਨਰੀ ਲਾਭਾਂ ਲਈ ਲਾਸਟ ਪੇ ਡਰਾਨ ਮੰਨਿਆ ਜਾਣਾ ਹੈ। ਇਸ ਤੋਂ ਇਲਾਵਾ ਵਧੇ ਹੋਏ ਸਾਲ ਨੂੰ ਪੈਨਸਨ ਹਿਤ ਕੁਆਲੀਫਾਇੰਗ ਸਰਵਿਸ ਵੀ ਮੰਨਿਆ ਜਾਣਾ ਹੈ। |
| 9. | ਜਿਹਨਾਂ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾਕਾਲ ਵਿੱਚ ਇੱਕ ਸਾਲ ਦਾ ਵਾਧਾ ਕੀਤਾ ਗਿਆ ਹੋਵੇ ਅਤੇ ਉਹਨਾਂ ਦੇ ਖਾਤੇ ਵਿੱਚ 300 ਤੋਂ ਵੱਧ ਕਮਾਈ ਛੁੱਟੀਆਂ ਬਕਾਇਆ ਹੋਣ, ਕੀ ਉਹ ਕਰਮਚਾਰੀ ਆਪਣੇ ਵਧੇ ਹੋਏ ਸੇਵਾਕਾਲ ਵਿੱਚ 300 ਤੋਂ ਵੱਧ ਬਕਾਇਆ ਕਮਾਈ ਛੁੱਟੀ ਲੈਣ ਦਾ ਹੱਕਦਾਰ ਹੈ ਜਾਂ ਨਹੀਂ। | ਵਧੇ ਹੋਏ ਸੇਵਾਕਾਲ ਦੌਰਾਨ ਕਰਮਚਾਰੀ/ਅਧਿਕਾਰੀ ਨਿਯਮਾਂ ਅਨੁਸਾਰ ਛੁੱਟੀ Earn ਵੀ ਕਰੇਗਾ ਅਤੇ ਇਹ ਛੁੱਟੀ ਅਵੇਲ ਕਰਨ ਦਾ ਹੱਕਦਾਰ ਹੋਵੇਗਾ। |
| 10. | ਵਧੇ ਹੋਏ ਸੇਵਾਕਾਲ ਵਿੱਚ ਪੈਨਸਨ ਕਮਿਊਟੇਸਨ ਟੇਬਲ ਕਿਸ ਤਰ੍ਹਾਂ ਅਪਲਾਈ ਕੀਤਾ ਜਾਣਾ ਹੈ? | ਵਧੇ ਹੋਏ ਸੇਵਾਕਾਲ ਦੌਰਾਨ ਪੈਨਸਨ ਕਮਿਊਟੇਸ਼ਨ ਇਸ ਤਰ੍ਹਾਂ ਕੈਲਕੁਲੇਟ ਕੀਤੀ ਜਾਣੀ ਹੈ, ਜਿਸ ਤਰ੍ਹਾਂ ਅਧਿਕਾਰੀ/ਕਰਮਚਾਰੀ 59 ਸਾਲ ਜਾਂ 61 ਸਾਲ, ਜੋ ਵੀ ਲਾਗੂ ਹੋਵੇ, ਤੇ ਰਿਟਾਇਰ ਹੋ ਰਿਹਾ ਹੋਵੇ। |
| 11. | ਪੰਜਾਬ ਸਿਵਲ ਸੇਵਾਵਾਂ(ਸੋਧੇ ਤਨਖਾਹ) ਨਿਯਮ, 2009 ਦੇ ਨਿਯਮ 11-ਏ ਅਨੁਸਾਰ ਪਦਉਨਤੀ ਦੀ ਸੂਰਤ ਵਿੱਚ ਪਦਉਨਤੀ ਦੀ ਮਿਤੀ ਤੋਂ ਜਾਂ ਹੇਠਲੀ ਆਸਾਮੀ ਦੀ ਸਲਾਨਾ ਤਰੱਕੀ ਦੀ ਮਿਤੀ ਤੋਂ ਤਨਖਾਹ ਫਿਕਸ ਕਰਾਉਣ ਦੀ ਆਪਸਨ ਦਿੱਤੇ ਜਾਣ ਦਾ ਉਪਬੰਧ ਹੈ. ਵਧੇ ਹੋਏ ਸੇਵਾਕਾਲ ਵਿੱਚ ਕਿਉਂਕਿ ਅਗਲੀ ਸਲਾਨਾ ਤਰੱਕੀ ਨਹੀਂ ਲਗਾਈ ਜਾਣੀ, ਉਸ ਸੂਰਤ ਵਿੱਚ ਕਰਮਚਾਰੀ/ਅਧਿਕਾਰੀ ਦੀ ਆਪਸਨ ਬਾਰੇ ਕੀ ਕੀਤਾ ਜਾਣਾ ਹੈ। | ਵਧੇ ਹੋਏ ਸੇਵਾਕਾਲ ਦੌਰਾਨ ਪਦਉਨਤੀ ਹੋਣ ਦੀ ਸੂਰਤ ਵਿੱਚ ਅਧਿਕਾਰੀ/ਕਰਮਚਾਰੀ ਨੂੰ ਪਦਉਨਤੀ ਦੀ ਮਿਤੀ ਤੋਂ ਤਨਖਾਹ ਫਿਕਸ ਕਰਾਉਣ ਦੀ ਕੇਵਲ ਸਿੰਗਲ ਆਪਸਨ ਹੋਵੇਗੀ। ਬਾਕੀ ਉਪਬੰਧ ਪਹਿਲਾਂ ਵਾਂਗ ਲਾਗੂ ਰਹਿਣਗੇ। |
| 12. | ਕੀ ਵਧੇ ਹੋਏ ਸੇਵਾਕਾਲ ਦੌਰਾਨ 4, 9, 14 | ਏ.ਸੀ.ਪੀ ਦੇ ਕੇਸ ਪਦਉਨਤੀ ਦੇ ਕੇਸਾਂ ਦੀ ਤਰ੍ਹਾਂ |

| | | |
|---|---|---|
| | ਏ.ਸੀ.ਪੀ. ਦਾ ਲਾਭ ਦਿੱਤਾ ਜਾਂਦਾ ਹੈ। | ਲਾਗੂ ਕੀਤੇ ਜਾਂਦੇ ਹਨ, ਇਸ ਲਈ ਅਜਿਹਾ ਕਈ ਸੇਵਾਕਾਲ ਦੌਰਾਨ ਕਰਮਚਾਰੀ/ਅਧਿਕਾਰੀ ਦੀ 4, 9, 14 ਜਾਂ 8, 16, 24, 32 ਸਕੀਮ ਅਧੀਨ ਏ.ਸੀ.ਪੀ. ਬਣਦੀ ਹੈ, ਸਬੰਧਤ ਹਦਾਇਤਾਂ ਅਨੁਸਾਰ ਮੰਨਜੂਰ ਕੀਤੀ ਜਾਂਦੀ ਹੈ। |

ਆਪ ਜੀ ਦਾ ਵਿਸ਼ਵਾਸਪਾਤਰ

(ਮਹਿੰਦਰ ਸਿੰਘ ਪਰਾਸ਼ਰ)
ਅਧੀਨ ਸਕੱਤਰ ਵਿੱਤ

ਪਿੱਠ ਅੰਕਣ ਨੰ: 22/2/2012-3 ਐਫ.ਪੀ.2/44

ਮਿਤੀ,ਚੰਡੀਗੜ੍ਹ: 22 ਜਨਵਰੀ, 2013

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਪ੍ਰਮੁੱਖ ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ ।
(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

(ਮਹਿੰਦਰ ਸਿੰਘ ਪਰਾਸ਼ਰ)
ਅਧੀਨ ਸਕੱਤਰ ਵਿੱਤ

ਪਿੱਠ ਅੰਕਣ ਨੰ: 22/2/2012-3 ਐਫ.ਪੀ.2/45

ਮਿਤੀ,ਚੰਡੀਗੜ੍ਹ: 22 ਜਨਵਰੀ,2013

ਇਸ ਦਾ ਉਤਾਰਾ ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।
(2) ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ।

ਅਧੀਨ ਸਕੱਤਰ ਵਿੱਤ

ਪਿੱਠ ਅੰਕਣ ਨੰ: 22/2/2012-3 ਐਫ.ਪੀ.2/46

ਮਿਤੀ,ਚੰਡੀਗੜ੍ਹ; 22 ਜਨਵਰੀ, 2013

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਅਫਸਰਾਂ/ ਖਜ਼ਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਵਿੱਤ

ਪਿੱਠ ਅੰਕਣ ਨੰ: 22/2/2012-3 ਐਫ.ਪੀ.2/47

ਮਿਤੀ,ਚੰਡੀਗੜ੍ਹ 22 ਜਨਵਰੀ, 2013

ਇਸ ਦਾ ਇੱਕ ਉਤਾਰਾ ਮੈਨੇਜਿੰਗ ਡਾਇਰੈਕਟਰ,ਪੰਜਾਬ ਇਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀ ਇਸ ਪਾਲਿਸੀ ਨੂੰ ਪੰਜਾਬ ਸਰਕਾਰ ਦੀ ਵੈੱਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ।

ਅਧੀਨ ਸਕੱਤਰ ਵਿੱਤ